# ਭਗਤ ਤ੍ਰਿਲੋਚਨ - ਸਬਦ ੩

ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥

ਰਾਗੁ ਗੂਜਰੀ, ਭਗਤ ਤ੍ਰਿਲੋਚਨ, ਗੁਰੂ ਗ੍ਰੰਥ ਸਾਹਿਬ, ੫੨੬

ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਸਰਪ ਜੋਨਿ ਵਲਿ ਵਲਿ ਅਉਤਰੈ ॥੧॥
ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ ਰਹਾਉ ॥
ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਬੇਸਵਾ ਜੋਨਿ ਵਲਿ ਵਲਿ ਅਉਤਰੈ ॥੨॥
ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਸੂਕਰ ਜੋਨਿ ਵਲਿ ਵਲਿ ਅਉਤਰੈ ॥੩॥
ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥੪॥
ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ ॥੫॥੨॥

ਸਾਰ: "ਅੰਤਮ ਪਲ" ਸਾਡੇ ਜੀਵਨ ਵਿਚਲੇ ਇਕ ਮਹੱਤਵਪੂਰਨ ਮੋੜ ਨੂੰ ਦਰਸਾਉਂਦੇ ਹਨ, ਜੋ ਜੀਵਨ ਦੇ ਅੰਤ ਤੋਂ ਵੱਖਰੇ ਹੁੰਦੇ ਹਨ। ਜੀਵਨ ਦੇ ਇਸ ਨਾਜ਼ੁਕ ਮੋੜ ਉਪਰ ਸਾਡੀਆਂ ਚੋਣਾਂ ਅਤੇ ਵਿਚਾਰ ਸਾਡੀ ਮਨੋਬਿਰਤੀ ਨੂੰ ਘੜਦੇ ਹਨ ਅਤੇ ਸਾਡੀ ਅੰਤਰੀਵੀ ਸਥਿਤੀ ਨੂੰ ਦਰਸਾਉਂਦੇ ਹਨ। ਹਰੇਕ ਫੈਸਲਾ ਇਕ ਸਥਾਈ ਪ੍ਰਭਾਵ ਛੱਡਦਾ ਹੈ, ਜੋ ਸਾਨੂੰ ਸਪਸ਼ਟਤਾ ਜਾਂ ਉਲਝਣ ਵੱਲ ਲੈ ਜਾਂਦਾ ਹੈ। ਪ੍ਰਤੀਕਿਰਿਆਸ਼ੀਲ ਵਿਚਾਰ ਬੇਚੈਨੀ ਨੂੰ ਵਧਾ ਸਕਦੇ ਹਨ, ਜਦੋਂ ਕਿ ਸਥਿਰ ਵਿਚਾਰ ਸਾਨੂੰ ਸਾਡੇ ਅਸਲ ਸਵੈ ਨਾਲ ਜੋੜਦੇ ਹਨ। ਇਹ ਮਹੱਤਵਪੂਰਨ ਪਲ ਪਰਿਵਰਤਨਸ਼ੀਲ ਅਵਸਰ ਪ੍ਰਦਾਨ ਕਰਦੇ ਹਨ ਜੋ ਸਾਡੇ ਇਰਾਦਿਆਂ ਨੂੰ ਤ੍ਰਾਸ਼ਦੇ ਅਤੇ ਇਸ ਤਰ੍ਹਾਂ ਪ੍ਰਭਾਵਿਤ ਕਰਦੇ ਹਨ ਕਿ ਅਸੀਂ ਕੌਣ ਤੋਂ ਕੀ ਬਣ ਸਕਦੇ ਹਾਂ? ਅਸਲ ਵਿਚ ਇਹ ਪਲ ਸਾਡੇ ਭਵਿੱਖ ਨੂੰ ਪਰਿਭਾਸ਼ਿਤ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥

ਕਿਸੇ ਵੀ ਨਿਰਣੇ ਦੇ ਆਖਰੀ ਪਲ ਦੌਰਾਨ ਜੇਕਰ ਅਸੀਂ ਧਨ ਸੰਪਦਾ ਦੇ ਵਿਚਾਰਾਂ ਵਿਚ ਖੁੱਬੇ ਪਏ ਹਾਂ, ਤਾਂ ਸਾਡਾ ਅੰਤਹਕਰਣ ਚਿੰਤਾ ਨਾਲ ਖਤਮ ਹੋ ਜਾਂਦਾ ਹੈ। ਇਹ ਭਾਵ ਸਰੀਰਕ ਮੌਤ ਦੀ ਬਜਾਏ ਇਕ ਅਜਿਹੀ ਮਨੋਬਿਰਤੀ ਨੂੰ ਦਰਸਾਉਂਦਾ ਹੈ, ਜਿੱਥੇ ਭੌਤਿਕ ਸੰਪਤੀਆਂ ਪ੍ਰਤੀ ਜਨੂੰਨ ਸਾਡੇ ਰੂਹਾਨੀ ਵਿਕਾਸ ਨੂੰ ਰੋਕਦਾ ਹੈ।

ਸਰਪ ਜੋਨਿ ਵਲਿ ਵਲਿ ਅਉਤਰੈ ॥੧॥

ਵਿਚਾਰਾਂ ਦਾ ਚਲਦਾ ਨਿਰੰਤਰ ਚੱਕਰ ਕਿਸੇ ਨੂੰ ਸੱਪ ਦੀ ਤਰ੍ਹਾਂ ਕੀਲ ਸਕਦਾ ਹੈ। ਇਹ ਭਾਵ ਇਕ ਜ਼ਹਿਰੀਲੀ ਮਨੋਬਿਰਤੀ ਦਾ ਪ੍ਰਤੀਕ ਹੈ ਜੋ ਸਾਡੇ ਇਰਾਦਿਆਂ ਦੁਆਲੇ ਚੱਕਰ ਕੱਟਦੀ ਹੈ, ਇਹ ਖੇਡ ਸੱਚੀ ਸ਼ਾਂਤੀ ਅਤੇ ਸਪਸ਼ਟਤਾ ਪ੍ਰਾਪਤ ਕਰਨ ਦੀ ਸਾਡੀ ਯੋਗਤਾ ਨੂੰ ਦਬਾ ਦਿੰਦੀ ਹੈ। (੧)

ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ ਰਹਾਉ ॥

ਹੇ ਸਾਥੀ! ਉਸ ਅਨੰਤ ਚੇਤਨਾ ਦਾ ਚਿੰਤਨ ਕਰਨ ਨੂੰ ਆਪਣੀ ਸਿਮਰਤੀ ਵਿਚ ਰੱਖ ਜੋ ਸਾਡੇ ਹਰ ਪਾਸੇ ਪਸਰੀ ਹੋਈ ਹੈ। ਇਹ ਅਹਿਮ ਸੂਝ ਦਰਸਾਉਂਦੀ ਹੈ ਕਿ ਅਸੀਂ ਜਿਸ ਉਪਰ ਧਿਆਨ ਕੇਂਦਰਿਤ ਕਰਦੇ ਹਾਂ ਜਾਗਰੂਕਤਾ ਦੀ ਉਹ ਪ੍ਰਵਾਹ ਸਾਡੇ ਅਨੁਭਵਾਂ ਨੂੰ ਪ੍ਰਭਾਵਿਤ ਕਰਦਾ ਹੈ। (ਠਹਿਰਾਉ)

ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥

ਕਿਸੇ ਵੀ ਨਿਰਣੇ ਦੇ ਅੰਤਮ ਪਲ ਦੌਰਾਨ, ਜੇਕਰ ਅਸੀਂ ਇੰਦਰੀਆਵੀ ਸੁੱਖਾਂ ਦੇ ਵਿਚਾਰਾਂ ਵਿਚ ਮਗਨ ਰਹਿੰਦੇ ਹਾਂ, ਤਾਂ ਸਾਡਾ ਅੰਤਹਕਰਣ ਚਿੰਤਾ ਨਾਲ ਖਤਮ ਹੋ ਜਾਂਦਾ ਹੈ। ਇਹ ਭਾਵ ਇਕ ਅਜਿਹੀ ਮਨੋਬਿਰਤੀ ਨੂੰ ਦਰਸਾਉਂਦਾ ਹੈ ਜੋ ਸਥਾਈ ਕਦਰਾਂ-ਕੀਮਤਾਂ ਨੂੰ ਅਪਣਾਉਣ ਦੀ ਬਜਾਏ ਬਾਹਰੀ ਅਸਥਾਈ ਅਨੁਭਵਾਂ ਵਿਚ ਪੂਰਤੀ ਦੀ ਭਾਲ ਕਰਦੀ ਹੈ।

ਬੇਸਵਾ ਜੋਨਿ ਵਲਿ ਵਲਿ ਅਉਤਰੈ ॥੨॥

ਵਿਚਾਰਾਂ ਦਾ ਚਲਦਾ ਨਿਰੰਤਰ ਚੱਕਰ ਉਨ੍ਹਾਂ ਨੂੰ ਪਲ ਭਰ ਦੀਆਂ ਖ਼ੁਸ਼ੀਆਂ ਵਿਚ ਫਸਾ ਸਕਦਾ ਹੈ। ਇਹ ਭਾਵ ਇਕ ਅਜਿਹੀ ਮਨੋਬਿਰਤੀ ਨੂੰ ਦਰਸਾਉਂਦਾ ਹੈ ਜੋ ਆਪਣੀ ਮੂਲ ਅੰਤਰੀਵੀ ਸੰਪੂਰਨਤਾ ਨੂੰ ਕਲਾਵੇ ਵਿਚ ਲੈਣ ਦੀ ਬਜਾਏ ਦੂਜਿਆਂ ਰਾਹੀਂ ਇਸਦੀ ਪੂਰਤੀ ਦੀ ਭਾਲ ਕਰਦੀ ਹੈ। (੨)

ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥

ਕਿਸੇ ਵੀ ਨਿਰਣੇ ਦੇ ਅੰਤਮ ਪਲ ਦੌਰਾਨ, ਜੇਕਰ ਅਸੀਂ ਮਲਕੀਅਤ ਨੂੰ ਬਣਾਈ ਰੱਖਣ ਦੇ ਵਿਚਾਰਾਂ ਵਿਚ ਵਿਚ ਗਲਤਾਨ ਹੋ ਜਾਂਦੇ ਹਾਂ ਤਾਂ ਸਾਡਾ ਅੰਤਹਕਰਣ ਇਸ ਚਿੰਤਾ ਦੀ ਅਵਸਥਾ ਵਿਚ ਖਤਮ ਹੋ ਜਾਂਦਾ ਹੈ, ਇਹ ਭਾਵ ਇਕ ਅਜਿਹੀ ਜਟਿਲ ਮਨੋਬਿਰਤੀ ਨੂੰ ਦਰਸਾਉਂਦਾ ਹੈ ਜੋ ਆਪਣੀ ਸਿਰਜਣਾ ਨਾਲ ਲਗਾਵ ਜਾਂ ਇਸਨੂੰ ਕਾਬੂ ਕਰਨ ਦੀ ਇੱਛਾ ਆਪਣੇ ਅੰਦਰ ਪਾਲਦੀ ਹੈ। ਉਹਨਾਂ ਨੂੰ ਮਲਕੀਅਤ ਦੇ ਭਰਮ ਵਿਚ ਫਸਾਉਂਦੀ ਹੈ।

ਸੂਕਰ ਜੋਨਿ ਵਲਿ ਵਲਿ ਅਉਤਰੈ ॥੩॥

ਵਿਚਾਰਾਂ ਦਾ ਚਲਦਾ ਨਿਰੰਤਰ ਚੱਕਰ ਉਨ੍ਹਾਂ ਨੂੰ ਭੋਗ-ਵਿਲਾਸ ਵਿਚ ਫਸਾ ਸਕਦਾ ਹੈ, ਜਿਵੇਂ ਇਕ ਸੂਰ ਗੰਦਗੀ ਵਿਚ ਗਲਤਾਨ ਹੋਵੇ। ਇਹ ਭਾਵ ਇਕ ਅਜਿਹੀ ਮਨੋਬਿਰਤੀ ਨੂੰ ਦਰਸਾਉਂਦਾ ਹੈ ਜੋ ਮੋਹ ਦੀ ਗੰਦਗੀ ਅਤੇ ਬੇਰੋਕ ਇੱਛਾਵਾਂ ਦੇ ਜਾਲ ਵਿਚ ਫ਼ਸੀ ਹੋਵੇ। (੩)

ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥

ਕਿਸੇ ਵੀ ਨਿਰਣੇ ਦੇ ਅੰਤਮ ਪਲ ਦੌਰਾਨ, ਜੇਕਰ ਅਸੀਂ ਕਰਮਕਾਂਡੀ ਮਨੋਬਿਰਤੀ ਜੋ ਭੌਤਿਕ ਢਾਂਚਿਆਂ ਵਿਚ ਵਿਚ ਮਗਨ ਰਹਿੰਦੀ ਹੈ ਤਾਂ ਸਾਡਾ ਅੰਤਹਕਰਣ ਚਿੰਤਾ ਦੀ ਇਸ ਅਵਸਥਾ ਵਿਚ ਖਤਮ ਹੋ ਜਾਂਦਾ ਹੈ, ਇਹ ਭਾਵ ਇਕ ਅਜਿਹੀ ਮਨੋਬਿਰਤੀ ਦਾ ਪ੍ਰਤੀਕ ਹੈ ਜੋ ਸਪੱਸ਼ਟਤਾ ਅਤੇ ਏਕਤਾ ਦੀ ਥਾਂ ਆਪਣੇ ਦੁਆਰਾ ਸਿਰਜੀਆਂ ਪਹਿਚਾਣਾਂ ਅਤੇ ਦਵੰਦਾਂ ਨੂੰ ਤਰਜ਼ੀਹ ਦਿੰਦੀ ਹੈ।

ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥੪॥

ਵਿਚਾਰਾਂ ਦਾ ਚਲਦਾ ਨਿਰੰਤਰ ਚੱਕਰ ਉਨ੍ਹਾਂ ਨੂੰ ਦੁਨਿਆਵੀ ਮੋਹ ਨਾਲ ਬੰਨ੍ਹ, ਭੂਤ ਸਮਾਨ ਅਵਸਥਾ ਵਿਚ ਬੰਨ ਸਕਦਾ ਸਕਦਾ ਹੈ। ਇਹ ਭਾਵ ਉਸ ਮਨੋਦਸ਼ਾ ਦਾ ਪ੍ਰਤੀਕ ਹੈ ਜਿਸ ਵਿਚ ਮਨੁੱਖ ਭੌਤਿਕ ਰੂਪਾਂ ਅਤੇ ਇੱਛਾਵਾਂ ਨਾਲ ਇੰਨਾ ਬੱਝ ਜਾਂਦਾ ਹੈ ਕਿ ਉਹ ਉਨ੍ਹਾਂ ਨੂੰ ਛੱਡਣ ਅਤੇ ਉਨ੍ਹਾਂ ਤੋਂ ਉੱਪਰ ਉੱਠਣ ਵਿਚ ਅਸਮਰੱਥ ਰਹਿੰਦਾ ਹੈ। (੪)

ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥

ਕਿਸੇ ਵੀ ਨਿਰਣੇ ਦੇ ਅੰਤਮ ਪਲ ਦੌਰਾਨ, ਜੇਕਰ ਅਸੀਂ ਸਰਬ-ਵਿਆਪਕ ਸਤਾ ਦੇ ਤੱਤਸਾਰ ਦਾ ਇਜ਼ਹਾਰ ਕਰੀਏ। ਇਹ ਇਕ ਅਜਿਹੀ ਮਨੋਬਿਰਤੀ ਨੂੰ ਦਰਸਾਉਂਦਾ ਹੈ ਜੋ ਸੁਚੇਤ ਰੂਪ ਵਿਚ ਸੱਚਾਈ ਨਾਲ ਇਕਸੁਰ ਹੁੰਦੀ ਹੈ।

ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ ॥੫॥੨॥

ਤ੍ਰਿਲੋਚਨ ਕਹਿੰਦੇ ਹਨ ਕਿ ਇਕ ਮੁਕਤ ਜੀਵ ਆਪਣੀ ਅੰਤਰ-ਆਤਮਾ ਦੇ ਅੰਦਰ ਸਰਬਵਿਆਪਕਤਾ ਦੇ ਪ੍ਰਕਾਸ਼ ਨਾਲ ਕ੍ਰਿਤਾਰਥ ਹੁੰਦਾ ਹੈ। ਪੀਤਾਂਬਰ ਸ਼ਬਦ ਸਪਸ਼ਟਤਾ, ਸੰਤੁਲਨ ਅਤੇ ਸਰਬ ਵਿਆਪਕ ਸਤਾ ਦੀ ਅਟੁੱਟ ਹਾਜ਼ਰਤਾ ਦਾ ਪ੍ਰਤੀਕ ਹੈ, ਜੋ ਸਾਨੂੰ ਏਕਤਾ ਦੇ ਰਾਹ ਤੋਰਦਾ ਹੈ। (੫)(੨)

ਤੱਤ: ਭਗਤ ਤ੍ਰਿਲੋਚਨ ਪੂਰੀ ਸੂਝ ਨਾਲ ਇਹ ਦਰਸਾਉਂਦੇ ਹਨ ਕਿ ਸਾਡੀ ਮਨੋਬਿਰਤੀ ਉਸ ਰਾਹੀਂ ਤ੍ਰਾਸ਼ੀ ਜਾਂਦੀ ਹੈ ਜਿਸ ਬਾਰੇ ਅਸੀਂ ਬਾਰ-ਬਾਰ ਵਿਚਾਰਦੇ ਹਾਂ, ਭਾਵੇਂ ਉਹ ਪਿਆਰ, ਡਰ, ਲਗਾਵ ਜਾਂ ਸਿਮਰਤੀ ਦੇ ਸੁਹਾਣੇ ਪਲ ਹੀ ਕਿਉਂ ਨਾ ਹੋਵਣ। ਜਦੋਂ ਜੀਵਨ ਇੱਛਾਵਾਂ ਕੇਂਦਰਿਤ ਹੋ ਜਾਵੇ, ਤਾਂ ਅਸੀਂ ਆਪਣੀ ਚੇਤਨਾ ਗੁਆ ਦਿੰਦੇ ਹਾਂ ਅਤੇ ਆਪਣੇ ਆਪ ਨੂੰ ਲਾਲਸਾਵਾਂ ਦੇ ਨਿਰੰਤਰ ਚੱਕਰ ਵਿਚ ਫਸਾ ਬੈਠਦੇ ਹਾਂ। ਫਿਰ ਵੀ, ਅੰਤਰੀਵੀ ਚਿੰਤਨ ਦੇ ਅਭਿਆਸ ਦੁਆਰਾ, ਅਸੀਂ ਆਪਣਾ ਖੁਸਿਆ ਮਾਣ-ਸਤਿਕਾਰ ਮੁੜ ਪ੍ਰਾਪਤ ਕਰ ਸਕਦੇ ਹਾਂ, ਜਿਸ ਨਾਲ ਅਸੀਂ ਆਪਣੇ ਸਬੰਧਾਂ ਨੂੰ ਪੂਰੀ ਸੁਹਿਰਦਤਾ ਦੇ ਨਾਲ ਸਿਰਜ ਸਕਦੇ ਹਾਂ ਅਤੇ ਇੱਛਾਵਾਂ ਦੀ ਨਿਰੰਤਰ ਖਿੱਚ ਤੋਂ ਮੁਕਤ ਹੋ ਇਸ ਸੰਸਾਰ ਵਿਚ ਜ਼ਿੰਦਾਦਿਲੀ ਨਾਲ ਜੀਅ ਸਕਦੇ ਹਾਂ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ**: onenessindiversityfoundation@gmail.com**